# ਭਗਤ ਨਾਮਦੇਵ - ਸਬਦ ੪੨

## ਕਬਹੂ ਖੀਰਿ ਖਾਡ ਘੀਉ ਨ ਭਾਵੈ ॥

### ਰਾਗੁ ਭੈਰਉ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੧੬੪

ਕਬਹੂ ਖੀਰਿ ਖਾਡ ਘੀਉ ਨ ਭਾਵੈ ॥

ਕਬਹੂ ਘਰ ਘਰ ਟੂਕ ਮਗਾਵੈ ॥

ਕਬਹੂ ਕੂਰਨੁ ਚਨੇ ਬਿਨਾਵੈ ॥੧॥

ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ ॥

ਹਰਿ ਕੀ ਮਹਿਮਾ ਕਿਛੁ ਕਥਨੁ ਨ ਜਾਈ ॥੧॥ ਰਹਾਉ ॥

ਕਬਹੂ ਤੁਰੇ ਤੁਰੰਗ ਨਚਾਵੈ ॥

ਕਬਹੂ ਪਾਇ ਪਨਹੀਓ ਨ ਪਾਵੈ ॥੨॥

ਕਬਹੂ ਖਾਟ ਸੁਪੇਦੀ ਸੁਵਾਵੈ ॥

ਕਬਹੂ ਭੂਮਿ ਪੈਆਰੁ ਨ ਪਾਵੈ ॥੩॥

ਭਨਤਿ ਨਾਮਦੇਉ ਇਕੁ ਨਾਮੁ ਨਿਸਤਾਰੈ ॥

ਜਿਹ ਗੁਰੁ ਮਿਲੈ ਤਿਹ ਪਾਰਿ ਉਤਾਰੈ ॥੪॥੫॥

ਸਾਰ: ਜਦੋਂ ਮਨ ਅਸੰਤੁਸ਼ਟ ਹੋਵੇ ਤਾਂ ਭਰਪੂਰਤਾ ਨਾਲ ਸਰਸ਼ਾਰ ਜੀਵਨ ਫਿੱਕਾ ਭਾਸ ਸਕਦਾ ਹੈ। ਕੋਈ ਵੀ ਸੁਖ-ਸਹੂਲਤ, ਪ੍ਰਾਪਤੀ ਜਾਂ ਧਨ-ਸੰਪਦਾ ਉਸ ਖਾਲੀਪਣ ਨੂੰ ਨਹੀਂ ਭਰ ਸਕਦੀ ਜੋ ਚੰਚਲਤਾ, ਤ੍ਰਿਸ਼ਨਾ ਜਾਂ ਆਪਣੇ ਅਸਲ ਸਰੂਪ ਨਾਲੋਂ ਵਿਛੜ ਜਾਣ ‘ਤੇ ਪੈਦਾ ਹੁੰਦਾ ਹੈ। ਅਸਲ ਤ੍ਰਿਪਤੀ ਵਧੇਰੇ ਪ੍ਰਾਪਤ ਕਰਨ ਨਾਲ ਨਹੀਂ, ਸਗੋਂ ਸੰਤੋਖ, ਸ਼ੁਕਰਾਨਾ ਅਤੇ ਅੰਤਰੀਵੀ ਸਪਸ਼ਟਤਾ ਨੂੰ ਵਿਕਸਿਤ ਕਰਨ ਨਾਲ ਉਦਭਵ ਹੁੰਦੀ ਹੈ। ਜਦੋਂ ਮਨ ਆਪਣੇ ਅੰਤਰੀਵ ਨਾਲ ਇਕਸੁਰ ਹੋ ਜਾਂਦਾ ਹੈ ਤਾਂ ਜੀਵਨ ਦੇ ਸਾਧਾਰਣ ਪਲ ਵੀ ਅਰਥ ਭਰਪੂਰ ਹੋ ਨਿਬੜਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਭਰਪੂਰਤਾ ਮੁੱਖ ਤੌਰ 'ਤੇ ਮਨ ਦੀ ਅਵਸਥਾ ਹੈ, ਜੋ ਸਾਡੀਆਂ ਧਾਰਨਾਵਾਂ ਨਾਲ ਤ੍ਰਾਸ਼ੀ ਜਾਂਦੀ ਹੈ, ਅਤੇ ਇਹ ਕੇਵਲ ਬਾਹਰੀ ਹਾਲਾਤਾਂ ਦੇ ਨਤੀਜਿਆਂ ਉਪਰ ਨਿਰਭਰ ਨਹੀਂ ਕਰਦੀ।

ਕਬਹੂ ਖੀਰਿ ਖਾਡ ਘੀਉ ਨ ਭਾਵੈ ॥

ਕਈ ਵਾਰ ਖੀਰ, ਖੰਡ ਅਤੇ ਘਿਉ ਵੀ ਚੰਗੇ ਨਹੀਂ ਲੱਗਦੇ। ਇਹ ਭਾਵ ਦਰਸਾਉਂਦਾ ਹੈ ਕਿ ਭਰਪੂਰਤਾ ਹੋਣ ਦੇ ਬਾਵਜੂਦ ਵੀ, ਜੇ ਮਨ ਅੰਦਰੋਂ ਅਸੰਤੁਸ਼ਟ ਹੋਵੇ ਤਾਂ ਸਭ ਕੁਝ ਫਿੱਕਾ-ਫਿੱਕਾ ਮਹਿਸੂਸ ਹੁੰਦਾ ਹੈ।

ਕਬਹੂ ਘਰ ਘਰ ਟੂਕ ਮਗਾਵੈ ॥

ਕਈ ਵਾਰ ਘਰ-ਘਰ ਜਾ ਕੇ ਰੋਟੀ-ਟੁੱਕ ਮੰਗਣਾਂ ਪੈਂਦਾ ਹੈ। ਇਹ ਭਾਵ ਜੀਵਨ ਦੇ ਅਣਕਿਆਸੇ ਮੋੜਾਂ ਦੀ ਸੱਚਾਈ ਨੂੰ ਦਰਸਾਉਂਦਾ ਹੈ ਅਤੇ ਸਾਨੂੰ ਨਿਮਰਤਾ ਤੇ ਸ਼ੁਕਰਾਨੇ ਦੇ ਮਹੱਤਵ ਬਾਰੇ ਸੁਚੇਤ ਕਰਦਾ ਹੈ।

ਕਬਹੂ ਕੂਰਨੁ ਚਨੇ ਬਿਨਾਵੈ ॥੧॥

ਕਈ ਵਾਰ ਕੂੜ ਦੇ ਢੇਰ ਉਤੋਂ ਵੀ ਛੋਲੇ ਭਾਵ ਦਾਣੇ ਚੁਗਣੇ ਪੈਂਦੇ ਹਨ। ਇਹ ਭਾਵ ਜੀਵਨ ਵਿਚਲੇ ਸਾਧਨਾਂ ਦੀ ਸਦਵਰਤੋਂ ਕਰਨ ਨੂੰ ਦਰਸਾਉਂਦਾ ਹੈ। (੧)

ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ ॥

ਹੇ ਸਾਥੀ! ਜਿਵੇਂ ਸਰਬ-ਵਿਆਪਕ ਸਤਾ ਦਾ ਹੁਕਮ ਵਰਤਦਾ ਹੈ, ਸਾਨੂੰ ਉਸਨੂੰ ਸਹਿਜਤਾ ਨਾਲ ਸਵੀਕਾਰ ਕਰਨਾ ਚਾਹੀਦਾ ਹੈ। ਇਹ ਭਾਵ ਬਿਨਾ ਰੋਸ ਅਤੇ ਅਸੰਤੁਸ਼ਟੀ ਦੇ ਬ੍ਰਹਿਮੰਡੀ ਨਿਯਮ ਨਾਲ ਇਕਸੁਰ ਹੋ ਜੀਵਨ ਜਿਉਣ ਦੀ ਪ੍ਰੇਰਣਾ ਦਿੰਦਾ ਹੈ।

ਹਰਿ ਕੀ ਮਹਿਮਾ ਕਿਛੁ ਕਥਨੁ ਨ ਜਾਈ ॥੧॥ ਰਹਾਉ ॥

ਸਰਬ-ਵਿਆਪਕ ਸਤਾ ਦਾ ਮੂਲ ਸਰੂਪ ਬਿਆਨ ਜਾਂ ਪ੍ਰਗਟਾਵੇ ਤੋਂ ਪਰੇ ਹੈ। ਇਹ ਭਾਵ ਦਰਸਾਉਂਦਾ ਹੈ ਕਿ ਜੀਵਨ ਦੇ ਭੇਤਾਂ ਨੂੰ ਸ਼ਬਦਾਂ ਨਾਲ ਸਮਝਾਇਆ ਨਹੀਂ ਜਾ ਸਕਦਾ, ਸਗੋਂ ਏਕਤਾ ਦੇ ਅਨੁਭਵ ਰਾਹੀਂ ਹੀ ਜਾਣਿਆ ਜਾ ਸਕਦਾ ਹੈ। (੧)(ਠਹਿਰਾਉ)

ਕਬਹੂ ਤੁਰੇ ਤੁਰੰਗ ਨਚਾਵੈ ॥

ਕਈ ਵਾਰ ਘੋੜਿਆਂ ਦੀਆਂ ਸਵਾਰੀਆਂ ਕਰ ਉਨ੍ਹਾਂ ਨੂੰ ਨਚਾਇਆ ਵੀ ਜਾਂਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਹਉਮੈ ਕਿਸ ਤਰ੍ਹਾਂ ਸ਼ਾਨੋ-ਸ਼ੌਕਤ ਦੇ ਪ੍ਰਦਰਸ਼ਨ, ਅਤੇ ਸਾਧਨਾਂ ਦੀ ਫ਼ਜ਼ੂਲ ਵਰਤੋਂ ਰਾਹੀਂ ਆਪਣੀ ਤਾਕਤ ਦਾ ਵਿਖਾਵਾ ਕਰਦੀ ਹੈ।

ਕਬਹੂ ਪਾਇ ਪਨਹੀਓ ਨ ਪਾਵੈ ॥੨॥
ਕਈ ਵਾਰ ਪੈਰਾਂ ਵਿਚ ਪਾਉਣ ਲਈ ਜੁੱਤੀਆਂ ਵੀ ਨਹੀਂ ਹੁੰਦੀਆਂ। ਇਹ ਭਾਵ ਨਿਰਬਲਤਾ ਦੀ ਅਵਸਥਾ ਵੱਲ ਇਸ਼ਾਰਾ ਕਰਦਾ ਹੈ, ਜਿਸ ਦਾ ਸਾਹਮਣਾ ਕਰਨ ਉਪਰੰਤ ਅੰਤਰੀਵੀ ਅਡੋਲਤਾ ਨੂੰ ਪਰਖਿਆ ਜਾਂਦਾ ਹੈ। (੨)

ਕਬਹੂ ਖਾਟ ਸੁਪੇਦੀ ਸੁਵਾਵੈ ॥
ਕਦੇ-ਕਦੇ ਕੋਈ ਚਿੱਟੀ ਚਾਦਰ ਵਾਲੇ ਬਿਸਤਰੇ ਉੱਤੇ ਸੌਂਦਾ ਹੈ। ਇਹ ਦ੍ਰਿਸ਼ਟਾਂਤ ਸ਼ਾਂਤੀ ਅਤੇ ਮੁਕਤੀ ਦੀ ਅਵਸਥਾ ਨੂੰ ਦਰਸਾਉਂਦਾ ਹੈ, ਜਿੱਥੇ ਮਨ ਸਪਸ਼ਟਤਾ ਦਾ ਅਨੁਭਵ ਕਰਦਾ ਹੈ।

ਕਬਹੂ ਭੂਮਿ ਪੈਆਰੁ ਨ ਪਾਵੈ ॥੩॥
ਕੁਝ ਪਲ ਅਜਿਹੇ ਵੀ ਆਉਂਦੇ ਹਨ ਜਦੋਂ ਕਿਸੇ ਨੂੰ ਜ਼ਮੀਨ 'ਤੇ ਵਿਛਾਉਣ ਲਈ ਪਰਾਲੀ ਵੀ ਨਸੀਬ ਨਹੀਂ ਹੁੰਦੀ। ਇਹ ਭਾਵ ਅਸਥਿਰਤਾ ਅਤੇ ਜਟਿਲਤਾ ਦੀ ਸਥਿਤੀ ਨੂੰ ਦਰਸਾਉਂਦਾ ਹੈ, ਜਿਸ ਵਿਚ ਮਨ ਸਥਿਰਤਾ ਅਤੇ ਸ਼ਾਂਤੀ ਤੋਂ ਸੱਖਣਾ ਹੋ ਜਾਂਦਾ ਹੈ। (੩)

ਭਨਤਿ ਨਾਮਦੇਉ ਇਕੁ ਨਾਮੁ ਨਿਸਤਾਰੈ ॥
ਨਾਮਦੇਵ ਆਖਦੇ ਹਨ ਕਿ ਸਰਬ-ਵਿਆਪਕ ਚੇਤਨਾ ਬਾਰੇ ਕੀਤਾ ਚਿੰਤਨ ਜਾਗਰੂਕਤਾ ਵੱਲ ਲੈ ਜਾਂਦਾ ਹੈ। ਇਹ ਭਾਵ ਦਰਸਾਉਂਦਾ ਹੈ ਜੀਵਨ ਰੂਪੀ ਬਦਲਦੀ ਯਾਤਰਾ ਦੇ ਵਿਚਕਾਰ ਆਪਣੇ ਮੂਲ ਸਰੋਤ ਨਾਲ ਅੰਤਰੀਵੀ ਬੰਧਨ ਅਡੋਲਤਾ ਦਾ ਇਕੋ ਇਕ ਅਧਾਰ ਹੈ।

ਜਿਹ ਗੁਰੁ ਮਿਲੈ ਤਿਹ ਪਾਰਿ ਉਤਾਰੈ ॥੪॥੫॥
ਜਿਨ੍ਹਾਂ ਨੂੰ ਆਤਮਕ ਬੋਧ ਦੀ ਪ੍ਰਾਪਤੀ ਹੁੰਦੀ ਹੈ, ਉਹ ਅਗਿਆਨਤਾ ਤੋਂ ਜਾਗਰੂਕਤਾ ਵੱਲ ਉੱਪਰ ਉੱਠ ਜਾਂਦੇ ਹਨ। ਰੁਪਾਂਤ੍ਰਣ ਦੀ ਇਹ ਜੁਗਤ ਦਰਸਾਉਂਦੀ ਹੈ ਕਿ ਅੰਤਰੀਵੀ ਸਪਸ਼ਟਤਾ ਸੰਦੇਹ ਨੂੰ ਦੂਰ ਕਰਦੀ ਹੈ ਅਤੇ ਮਨੁੱਖ ਨੂੰ ਅਸੁਰੱਖਿਆ ਉੱਤੇ ਜਿੱਤ ਪ੍ਰਾਪਤ ਕਰਨ ਦੇ ਯੋਗ ਬਣਾਉਂਦੀ ਹੈ। (੪)(੫)

ਤੱਤ: ਭਗਤ ਨਾਮਦੇਵ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਉਂਦੇ ਹਨ ਕਿ ਸੱਚੀ ਉੱਚੀ ਅਵਸਥਾ ਇਸ ਤੱਥ ਨਾਲ ਨਿਰਧਾਰਤ ਨਹੀਂ ਹੁੰਦੀ ਕਿ ਸਾਡਾ ਜੀਵਨ ਮਾਨ-ਸਨਮਾਨ ਦੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ ਜਾਂ ਮੁਸ਼ਕਲਾਂ ਵਿਚ ਜੂਝ ਰਿਹਾ ਹੈ। ਅਸਲ ਮਹੱਤਵ ਇਸ ਤੱਥ ਵਿਚ ਹੈ ਕਿ ਕੀ ਸਾਡੀ ਅੰਤਰ-ਆਤਮਾ ਨੂੰ

ਉਸ ਬਿਬੇਕ ਦੀ ਪ੍ਰਾਪਤੀ ਹੋ ਚੁੱਕੀ ਹੈ ਜਿਹੜਾ ਦੋਨ੍ਹਾਂ ਹਲਾਤਾਂ ਵਿਚ ਸਮ ਅਵਸਥਾ ਵਿਚ ਵਿਗਸੇ। ਇਸ ਅਡੋਲ ਅਵਸਥਾ ਵਿਚ ਅਸਥਿਰਤਾ ਵੀ ਭਰਪੂਰਤਾ ਦਾ ਰੂਪ ਹੋ ਜਾਂਦੀ ਹੈ, ਜੋ ਐਸੋ-ਇਸ਼ਰਤ ਅਤੇ ਤੰਗੀ ਦੋਹਾਂ ਦੀਆਂ ਧਾਰਨਾਵਾਂ ਤੋਂ ਉੱਪਰ ਉੱਠ ਜਾਂਦੀ ਹੈ। ਇਹ ਸੂਝ ਦਰਸਾਉਂਦੀ ਹੈ ਕਿ ਬਦਲਦੀਆਂ ਹਾਲਤਾਂ ਦੇ ਵਿਚਕਾਰ ਆਪਣੇ ਗੂੜ੍ਹ ਸਰੂਪ ਨਾਲ ਅੰਤਰੀਵੀ ਜੁੜਾਅ ਹੀ ਇਕੋ-ਇਕ ਸਥਿਰ ਅਧਾਰ ਹੈ, ਜੋ ਜੀਵਨ ਦੇ ਹਰ ਉਤਾਰ-ਚੜ੍ਹਾਅ ਵਿਚ ਸਾਨੂੰ ਅਡੋਲ ਰੱਖਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **[OnenessInDiversity.com]**

ਈਮੇਲ: **onenessindiversityfoundation@gmail.com**